# ਫਰਾਂਸ ਅਤੇ ਯੂਏਈ ਦੇ ਦੌਰੇ ਤੋਂ ਪਹਿਲਾਂ ਪ੍ਰਧਾਨ ਮੰਤਰੀ ਦਾ ਰਵਾਨਗੀ ਬਿਆਨ

13 ਜੁਲਾਈ, 2023

ਮੈਂ ਆਪਣੇ ਮਾਣਯੋਗ ਦੋਸਤ ਫਰਾਂਸ ਦੇ ਰਾਸ਼ਟਰਪਤੀ ਮਿਸਟਰ ਇਮੈਨੁਅਲ ਮੈਕਰੋਨ ਦੇ ਸੱਦੇ 'ਤੇ ਇੱਕ ਸਰਕਾਰੀ ਦੌਰੇ 'ਤੇ 13-14 ਜੁਲਾਈ ਤੱਕ ਫਰਾਂਸ ਦੀ ਯਾਤਰਾ ਕਰਨ ਜਾ ਰਿਹਾ ਹਾਂ।

ਇਹ ਫੇਰੀ ਖਾਸ ਤੌਰ 'ਤੇ ਵਿਸੇਸ਼ ਹੋਵੇਗੀ ਕਿਉਂਕਿ ਮੈਂ ਫਰਾਂਸ ਦੇ ਰਾਸ਼ਟਰੀ ਦਿਵਸ ਜਾਂ ਪੈਰਿਸ ਵਿੱਚ ਬੈਸਟਿਲ ਦਿਵਸ ਦੇ ਜਸ਼ਨਾਂ ਲਈ ਰਾਸ਼ਟਰਪਤੀ ਮੈਕਰੌਂ ਨਾਲ 'ਗੈਸਟ ਆਫ ਆਨਰ' ਵਜੋਂ ਸ਼ਾਮਲ ਹੋਵਾਂਗਾ। ਤਿੰਨੇ ਭਾਰਤੀ ਫੌਜੀ ਸੇਵਾਵਾਂ, ਬੈਸਟੀਲ ਦਿਵਸ ਪਰੇਡ ਦਾ ਹਿੱਸਾ ਬਣਨ ਜਾ ਰਹੀਆਂ ਹਨ, ਜਿਥੇ ਕਿ ਭਾਰਤੀ ਹਵਾਈ ਸੈਨਾ ਦੇ ਜਹਾਜ਼ ਇਸ ਮੌਕੇ 'ਤੇ ਫਲਾਈ-ਪਾਸਟ ਕਰਨਗੇ।

ਇਸ ਸਾਲ ਸਾਡੀ ਰਣਨੀਤਕ ਭਾਈਵਾਲੀ ਦੀ 25ਵੀਂ ਵਰ੍ਹੇਗੰਢ ਹੈ। ਵਿਸ਼ਵਾਸ ਅਤੇ ਵਚਨਬੱਧਤਾ ਵਿੱਚ ਡੂੰਘੀਆਂ ਜੜ੍ਹਾਂ ਪਸਾਰਨ ਵਾਲੇ ਸਾਡੇ ਦੋਵੇਂ ਦੇਸ਼, ਰੱਖਿਆ, ਪੁਲਾੜ, ਸਿਵਲ ਪਰਮਾਣੂ, ਨੀਲੀ ਆਰਥਿਕਤਾ, ਵਪਾਰ, ਨਿਵੇਸ਼, ਸਿੱਖਿਆ, ਸੱਭਿਆਚਾਰ ਅਤੇ ਲੋਕਾਂ ਨਾਲ ਲੋਕਾਂ ਦੇ ਸਬੰਧਾਂ ਸਮੇਤ ਵੱਖ-ਵੱਖ ਖੇਤਰਾਂ ਵਿੱਚ ਨਜ਼ਦੀਕੀ ਸਹਿਯੋਗ ਕਰਦੇ ਹਨ। ਅਸੀਂ ਖੇਤਰੀ ਅਤੇ ਅੰਤਰਰਾਸ਼ਟਰੀ ਮੁੱਦਿਆਂ 'ਤੇ ਵੀ ਮਿਲ ਕੇ ਕੰਮ ਕਰਦੇ ਹਾਂ।

ਮੈਂ ਰਾਸ਼ਟਰਪਤੀ ਮੈਕਰੋਨ ਨੂੰ ਮਿਲਣ ਅਤੇ ਆਗਾਮੀ 25 ਸਾਲਾਂ ਲਈ ਇਸ ਲੰਬੇ ਸਮੇਂ ਤੋਂ ਚੱਲੀ ਆ ਰਹੀ ਅਤੇ ਸਮੇਂ ਦੁਆਰਾ ਪਰਖੀ ਗਈ ਸਾਂਝੇਦਾਰੀ ਨੂੰ ਅੱਗੇ ਵਧਾਉਣ ਲਈ ਵਿਆਪਕ ਵਿਚਾਰ-ਵਟਾਂਦਰਾ ਕਰਨ ਦੀ ਉਮੀਦ ਕਰਦਾ ਹਾਂ। ਮੈਨੂੰ 2022 ਵਿੱਚ ਫਰਾਂਸ ਦੀ ਆਪਣੀ ਪਿਛਲੀ ਸਰਕਾਰੀ ਫੇਰੀ ਤੋਂ ਬਾਅਦ ਰਾਸ਼ਟਰਪਤੀ ਮੈਕਰੋਨ ਨਾਲ ਕਈ ਵਾਰ ਮਿਲਣ ਦਾ ਮੌਕਾ ਮਿਲਿਆ ਹੈ, ਜਿਵੇਂ ਕਿ ਹਾਲ ਹੀ ਵਿੱਚ, ਮੈਂ ਉਹਨਾਂ ਨੂੰ ਮਈ 2023 ਨੂੰ ਜਾਪਾਨ ਦੇ ਹੀਰੋਸ਼ੀਮਾ ਵਿੱਚ ਜੀ-7 ਸਿਖਰ ਸੰਮੇਲਨ ਦੌਰਾਨ ਮਿਲਿਆ ਸੀ।

ਮੈਂ ਫ੍ਰੈਂਚ ਲੀਡਰਸ਼ਿਪ ਨਾਲ ਆਪਣੀ ਗੱਲਬਾਤ ਦੀ ਉਮੀਦ ਕਰਦਾ ਹਾਂ, ਜਿਸ ਵਿੱਚ ਫਰਾਂਸ ਦੀ ਪ੍ਰਧਾਨ ਮੰਤਰੀ ਮਾਣਯੋਗ ਸ਼੍ਰੀਮਤੀ ਐਲਿਜ਼ਾਬੈਥ ਬੋਰਨ, ਸੈਨੇਟ ਦੇ ਪ੍ਰਧਾਨ ਮਾਣਯੋਗ ਮਿਸਟਰ ਜੇਰਾਰਡ ਲਾਰਚਰ ਸਮੇਤ ਨੈਸ਼ਨਲ ਅਸੈਂਬਲੀ ਦੀ ਪ੍ਰਧਾਨ ਮਾਣਯੋਗ ਸ਼੍ਰੀਮਤੀ ਯੇਲ ਬਰੌਨ-ਪੀਵੇਟ ਸ਼ਮਲ ਹਨ।

ਆਪਣੀ ਯਾਤਰਾ ਦੌਰਾਨ, ਮੈਨੂੰ ਉਤਸ਼ਾਹਿਤ ਭਾਰਤੀ ਭਾਈਚਾਰੇ, ਦੋਵਾਂ ਦੇਸ਼ਾਂ ਦੇ ਪ੍ਰਮੁੱਖ ਸੀਈਓਜ਼ ਅਤੇ ਪ੍ਰਮੁੱਖ ਫਰਾਂਸੀਸੀ ਹਸਤੀਆਂ ਨੂੰ ਮਿਲਣ ਦਾ ਮੌਕਾ ਮਿਲੇਗਾ। ਮੈਨੂੰ ਭਰੋਸਾ ਹੈ ਕਿ ਮੇਰੀ ਯਾਤਰਾ ਸਾਡੀ ਰਣਨੀਤਕ ਭਾਈਵਾਲੀ ਨੂੰ ਨਵਾਂ ਹੁਲਾਰਾ ਦੇਵੇਗੀ।

ਮੈਂ 15 ਜੁਲਾਈ ਨੂੰ ਪੈਰਿਸ ਤੋਂ ਇੱਕ ਸਰਕਾਰੀ ਦੌਰੇ ਲਈ ਸੰਯੁਕਤ ਅਰਬ ਅਮੀਰਾਤ ਦੇ ਅਬੂ ਧਾਬੀ ਦਾ ਦੌਰਾ ਵੀ ਕਰਾਂਗਾ। ਮੈਂ ਆਪਣੇ ਦੋਸਤ, ਯੂਏਈ ਦੇ ਰਾਸ਼ਟਰਪਤੀ ਅਤੇ ਅਬੂ ਧਾਬੀ ਦੇ ਸ਼ਾਸਕ ਐੱਚਐੱਚ ਸ਼ੇਖ ਮੁਹੰਮਦ ਬਿਨ ਜ਼ਾਇਦ ਅਲ ਨਾਹਯਾਨ ਨੂੰ ਮਿਲਣ ਦੀ ਉਮੀਦ ਕਰਦਾ ਹਾਂ।

ਸਾਡੇ ਦੋਵੇਂ ਦੇਸ਼ ਵਪਾਰ, ਨਿਵੇਸ਼, ਊਰਜਾ, ਭੋਜਨ ਸੁਰੱਖਿਆ, ਵਿਗਿਆਨ ਅਤੇ ਤਕਨਾਲੋਜੀ, ਸਿੱਖਿਆ, ਫਿਨਟੈਕ, ਰੱਖਿਆ, ਸੁਰੱਖਿਆ ਅਤੇ ਮਜ਼ਬੂਤ ਲੋਕਾਂ ਦੇ ਲੋਕਾਂ ਨਾਲ ਸਬੰਧਾਂ ਵਰਗੇ ਖੇਤਰਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਤਹਿਤ ਜੁੜੇ ਹੋਏ ਹਨ। ਰਾਸ਼ਟਰਪਤੀ ਸ਼ੇਖ ਮੁਹੰਮਦ ਬਿਨ ਜ਼ਾਇਦ ਅਤੇ ਮੈਂ ਪਿਛਲੇ ਸਾਲ ਸਾਡੀ ਸਾਂਝੇਦਾਰੀ ਤਹਿਤ ਭਵਿੱਖ ਸਬੰਧੀ ਇੱਕ ਰੋਡਮੈਪ 'ਤੇ ਸਹਿਮਤ ਹੋਏ, ਅਤੇ ਹੁਣ ਮੈਂ ਉਹਨਾਂ ਨਾਲ ਇਹ ਚਰਚਾ ਕਰਨ ਦੀ ਉਮੀਦ ਕਰਦਾ ਹਾਂ ਕਿ ਸਾਡੇ

ਸਬੰਧਾਂ ਨੂੰ ਹੋਰ ਡੂੰਘਾ ਕਿਵੇਂ ਕੀਤਾ ਜਾਵੇ।

ਯੂਏਈ ਇਸ ਸਾਲ ਦੇ ਅੰਤ ਵਿੱਚ ਯੂਐੱਨਐੱਫਸੀਸੀਸੀ (ਸੀਓਪੀ-28) ਦੀਆਂ ਧਿਰਾਂ ਦੀ 28ਵੀਂ ਕਾਨਫਰੰਸ ਦੀ ਮੇਜ਼ਬਾਨੀ ਕਰੇਗਾ। ਮੈਂ ਊਰਜਾ ਪਰਿਵਰਤਨ ਅਤੇ ਪੈਰਿਸ ਸਮਝੌਤੇ ਨੂੰ ਲਾਗੂ ਕਰਨ ਸਬੰਧੀ ਜਲਵਾਯੂ ਕਾਰਵਾਈ ਨੂੰ ਤੇਜ਼ ਕਰਨ ਸਮੇਤ ਸਰਲਤਾ ਪ੍ਰਦਾਨ ਕਰਨ ਵਿੱਚ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦੀ ਉਮੀਦ ਕਰਦਾ ਹਾਂ।

ਮੈਨੂੰ ਭਰੋਸਾ ਹੈ ਕਿ ਮੇਰਾ ਯੂਏਈ ਦਾ ਦੌਰਾ ਸਾਡੀ ਵਿਆਪਕ ਰਣਨੀਤਕ ਭਾਈਵਾਲੀ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰੇਗਾ।

**ਨਵੀਂ ਦਿੱਲੀ**
**13 ਜੁਲਾਈ, 2023**